## ਮਾਡਲ ਟੈਸਟ ਪੇਪਰ (ਸਮਾਜਿਕ ਸਿੱਖਿਆ)
## ਸ਼੍ਰੇਣੀ 10ਵੀਂ

ਸਮਾਂ: 3 ਘੰਟੇ ਕੁੱਲ ਅੰਕ: 90

### ਭਾਗ-ੳ (ਭੂਗੋਲ)

PSEBonline.com

ਅੰਕ=25

**ਪ੍ਰਸ਼ਨ 01**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਭਾਰਤ ਦਾ ਕੁੱਲ ਭੂਗੋਲਿਕ ਖੇਤਰਫਲ ਕਿੰਨਾ ਹੈ? 1

II. ਸਾਡੇ ਦੇਸ਼ ਦੇ ਰਾਸ਼ਟਰੀ ਪੰਛੀ ਦਾ ਕੀ ਨਾਂ ਹੈ? 1

III. ਖਾਲੀ ਸਥਾਨ ਭਰੋ :
ਅਬਰਕ ਉਪਾਦਨ ਵਿੱਚ ਭਾਰਤ ਦਾ ਸੰਸਾਰ ਭਰ ਵਿੱਚ _____ ਸਥਾਨ ਹੈ?

ਭਾਰਤ ਵਿੱਚ ਪਹਿਲਾਂ ਰੇਲਮਾਰਗ _______ਈ. ਵਿੱਚ ਸ਼ੁਰੂ ਹੋਇਆ। 1

IV. ਸਹੀ ਵਿਕਲਪ ਚੁਣੋ :
ਐਲੂਮੀਨੀਅਮ ਦੀ ਕੱਚੀ ਧਾਤ ਦਾ ਨਾ ਕੀ ਹੈ? 1
(ੳ) ਲੋਹਾ (ਅ) ਚਾਂਦੀ (ੲ) ਬਾਕਸਾਈਟ (ਸ) ਮੈਂਗਨੀਜ਼

V. ਸਾਡੇ ਅਜੋਕੇ ਪੰਜਾਬ ਰਾਜ ਦਾ ਜਨਮ ਕਦੋਂ ਹੋਇਆ? 1
(ੳ) 1 ਨਵੰਬਰ 1966 (ਅ) 1 ਦਸੰਬਰ 1966 (ੲ) 1 ਜਨਵਰੀ 1967 (ਸ) 2 ਮਾਰਚ 1967

**ਪ੍ਰਸ਼ਨ 02**

**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ।**

I. ਗੋਦਾਵਰੀ ਨੂੰ ਦੱਖਣ ਦੀ ਬੁੱਢੀ ਗੰਗਾ ਕਿਉਂ ਕਹਿੰਦੇ ਹਨ? 3

II. ਭਾਰਤ ਵਿੱਚ ਲਿੰਗ ਅਨੁਪਾਤ ਘੱਟ ਹੋਣ ਦੇ ਕੀ ਕਾਰਨ ਹਨ? 3

III. ਜੰਗਲਾਂ ਦੇ ਮੁੱਖ ਲਾਭ ਕੀ ਹਨ? 3

IV. ਭਾਰਤ ਦੇ ਤੱਟਵਰਤੀ ਮੈਦਾਨਾਂ ਦੀ ਮਹੱਤਤਾ ਦਾ ਸੰਖੇਪ ਵਰਣਨ ਕਰੋ? 3

V. ਰਾਜਸਥਾਨ ਅਰਬ ਸਾਗਰ ਦੇ ਨੇੜੇ ਹੋਣ ਕਾਰਨ ਵੀ ਖੁਸ਼ਕ ਕਿਉਂ ਰਹਿੰਦਾ ਹੈ? 3

**ਪ੍ਰਸ਼ਨ 03**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।**

I. ਵੱਡੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਆਬਾਦੀ ਵਧਣ ਕਰਕੇ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ? 5

ਜਾਂ

ਦੇਸ਼ ਵਿੱਚ ਹੜ੍ਹ ਆਉਣ ਦੇ ਕੀ ਕਾਰਨ ਹਨ? ਇਹਨਾਂ ਦੀ ਰੋਕਥਾਮ ਲਈ ਸੁਝਾਅ ਦਿਓ? 5

**ਪ੍ਰਸ਼ਨ 04**

I. **ਭਾਰਤ ਦੇ ਨਕਸ਼ੇ ਵਿੱਚ ਦਰਸਾਓ**:
- **a)** ਕਾਲੀ ਮਿੱਟੀ ਦਾ ਖੇਤਰ
- **b)** ਗੁਜਰਾਤ
- **c)** ਅਰਾਵਲੀ ਪਰਬਤ
- **d)** ਕੋਲਾ ਉਤਪਾਦਨ ਖੇਤਰ
- **e)** ਚੰਡੀਗੜ੍ਹ

PSEBonline.com

### ਭਾਗ-ਅ (ਅਰਥ ਸ਼ਾਸਤਰ)

ਕੁੱਲ ਅੰਕ 20

**ਪ੍ਰਸ਼ਨ 05**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਹਰੀ ਕ੍ਰਾਂਤੀ ਦਾ ਕੀ ਅਰਥ ਹੈ? 1

II. ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ? 1

III. ਖਾਲੀ ਸਥਾਨ ਭਰੋ :
ਭਾਰਤ ਦੇ ਕੇਂਦਰੀ ਬੈਂਕ ਦਾ ਨਾ ________ ਹੈ। 1
ਯੋਜਨਾ ਆਯੋਗ ਦਾ ਪ੍ਰਧਾਨ __________ ਹੁੰਦਾ ਹੈ। 1

PSEBonline.com

ਸਹੀ ਵਿਕਲਪ ਚੁਣੋ :

IV. ਛੁਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ? ਉਦਾਹਰਣ ਸਹਿਤ ਸਪਸ਼ਟ ਕਰੋ। 1
(ੳ) ਰਾਸ਼ਟਰੀ ਆਮਦਨ (ਅ) ਨਿੱਜੀ ਆਮਦਨ (ੲ) ਵਿਅਕਤੀ ਦੀ ਆਮਦਨ (ਸ) ਔਸਤ ਆਮਦਨ

V. ਹੇਠ ਲਿਖਿਆ ਵਿੱਚੋਂ ਪ੍ਰਤੱਖ ਕਰ ਕਿਹੜਾ ਹੈ: 1
(ੳ) ਵਿਕਰੀ ਕਰ (ਅ) ਉਤਪਾਦਨ ਕਰ (ੲ) ਆਮਦਨ ਕਰ (ਸ) ਮੰਨੋਰਜਨ ਕਰ

**ਪ੍ਰਸ਼ਨ 06**

**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ।**

I. ਰਾਸ਼ਟਰੀ ਆਮਦਨ ਅਤੇ ਘਰੇਲੂ ਆਮਦਨ ਵਿੱਚ ਕੀ ਅੰਤਰ ਹੈ? 3

II. ਕੁਟੀਰ ਉਦਯੋਗਾਂ ਦੇ ਕੋਈ ਤਿੰਨ ਲਾਭ ਲਿਖੋ? 3

III. ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯੋਗਦਾਨ ਬਾਰੇ ਸੰਖੇਪ ਨੋਟ ਲਿਖੋ? 3

IV. ਆਰਥਿਕ ਨਿਯੋਜਨ ਤੋਂ ਕੀ ਭਾਵ ਹੈ? 3

V. ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ? 3

**ਪ੍ਰਸ਼ਨ 07**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।**

I. ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ ਦਾ ਵਰਨਣ ਕਰੋ? 5

ਜਾਂ

ਭਾਰਤ ਵਿੱਚ ਧੀਮੀ ਉਦਯੋਗਿਕ ਗਤੀ ਦੇ ਕੀ ਕਾਰਨ ਹਨ? 5

ਭਾਗ ੲ (ਇਤਿਹਾਸ) ਕੁੱਲ ਅੰਕ :25

**ਪ੍ਰਸ਼ਨ 08**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਪੰਜਾਬ ਸ਼ਬਦ ਤੋਂ ਕੀ ਭਾਵ ਹੈ? 1

II. ਦਸਵੰਧ ਤੋਂ ਕੀ ਭਾਵ ਹੈ? 1

III. ਮੁਕਤਸਰ ਦਾ ਪੁਰਾਣਾ ਨਾਂ ________ ਸੀ। 1

IV. ਦੋ ਦਰਿਆਵਾਂ ਦੇ ਵਿਚਕਾਰਲੇ ਭਾਗ ਨੂੰ ________ ਕਿੰਹਦੇ ਹਨ? 1

V. ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਕਿਥੋਂ ਦੀ ਰਹਿਣ ਵਾਲੀ ਸੀ? 1
(ੳ) ਅੰਮ੍ਰਿਤਸਰ ਦੀ (ਅ) ਬਟਾਲਾ ਦੀ (ੲ) ਬਠਿੰਡਾ ਦੀ (ਸ) ਕੀਰਤਪੁਰ ਦੀ

VI. ਬੰਦਾ ਸਿੰਘ ਬਹਾਦਰ ਅਤੇ ਵਜ਼ੀਰ ਖਾਂ ਦਾ ਯੁੱਧ ਕਿਸ ਸਥਾਨ ਤੇ ਹੋਇਆ? 1
(ੳ) ਚੱਪੜਚਿੜੀ (ਅ) ਘੜਾਮ (ੲ) ਸਢੌਰਾ (ਸ) ਸਮਾਨਾ

**ਪ੍ਰਸ਼ਨ 09**

**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਦਿਓ।**

I. ਅਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਇੱਕ ਸੰਖੇਪ ਨੋਟ ਲਿਖੋ। 3

II. ਅਕਾਲ ਤਖਤ ਬਾਰੇ ਤੁਸੀਂ ਕੀ ਜਾਣਦੇ ਹੋ? 3

III. ਸੱਚੇ ਸੌਦੇ ਦੀ ਘਟਨਾ ਦਾ ਹਾਲ ਲਿਖੋ? 3

PSEBonline.com

IV. ਕਾਮਾਗਾਟਾਮਾਰੂ ਘਟਨਾ ਤੇ ਨੋਟ ਲਿਖੋ? 3

V. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ? 3

**ਪ੍ਰਸ਼ਨ 10**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।** 5

I. ਖਾਲਸਾ ਪੰਥ ਦੇ ਸਿਧਾਂਤਾਂ ਦਾ ਵਰਨਣ ਕਰੋ।

ਜਾਂ

ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦਾ ਵਰਨਣ ਕਰੋ। 5

ਪ੍ਰਸ਼ਨ 11

ਪੰਜਾਬ (1947 ਤੋਂ ਪਹਿਲਾਂ) ਦੇ ਨਕਸ਼ੇ ਵਿੱਚ ਭਰੋ?

I. ਅੰਮ੍ਰਿਤਸਰ
II. ਮੁਲਤਾਨ
III. ਸਮਾਣਾ
IV. ਚਮਕੌਰ ਸਾਹਿਬ
V. ਮੁਦਕੀ 5

ਭਾਗ- ਸ (ਨਾਗਰਿਕ ਸ਼ਾਸ਼ਤਰ) ਕੁੱਲ ਅੰਕ:-20

PSEBonline.com

ਪ੍ਰਸ਼ਨ 12

ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।

I. ਪ੍ਰਧਾਨ ਮੰਤਰੀ ਦੀ ਨਿਯੁਕਤੀ ਕੌਣ ਕਰਦਾ ਹੈ ? 1
II. ਲੋਕ ਸਭਾ ਦਾ ਮੈਂਬਰ ਬਨਣ ਲਈ ਘੱਟੋ ਘੱਟ ਉਮਰ ______ ਹੋਣੀ ਚਾਹੀਦੀ ਹੈ। 1
III. ਸੰਯੁਕਤ ਰਾਸ਼ਟਰ ਸੰਘ ਦਾ ਜਨਮ ________ਈ. ਵਿੱਚ ਹੋਇਆ? 1
IV. ਭਾਰਤੀ ਸੰਵਿਧਾਨ ਕਦੋਂ ਲਾਗੂ ਹੋਇਆ ਸੀ? 1
(ੳ) 26 ਫਰਵਰੀ 1947 (ਅ) 2 ਦਸੰਬਰ 1949 (ੲ) 26 ਜਨਵਰੀ 1950 (ਸ) 26 ਜਨਵਰੀ 1975
V. ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਦਾ ਕੋਈ ਇੱਕ ਸਾਧਨ ਲਿਖੋ? 1
VI. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦਾ ਕੀ ਨਾਂ ਹੈ? 1
(ੳ) ਹਾਈ ਕੋਰਟ (ਅ) ਸੁਪਰੀਮ ਕੋਰਟ (ੲ) ਲੋਕ ਅਦਾਲਤ (ਸ) ਜਿਲ੍ਹਾ ਕੋਰਟ

ਪ੍ਰਸ਼ਨ 13

ਨੋਟ:- ਹੇਠ ਲਿਖਿਆ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ

I. ਸੰਸਦ ਦੀਆਂ ਕੋਈ ਤਿੰਨ ਸ਼ਕਤੀਆਂ ਦਾ ਵਰਨਣ ਕਰੋ? 3
II. ਭਾਰਤ ਦੀ ਗੁੱਟ ਨਿਰਲੇਪਤਾ ਨੀਤੀ ਤੇ ਸੰਖੇਪ ਨੋਟ ਲਿਖੋ? 3
III. ਭਾਰਤ ਵਿੱਚ ਧਰਮ ਨਿਰਪੱਖਤਾ ਤੇ ਸੰਖੇਪ ਨੋਟ ਲਿਖੋ? 3
IV. ਵਿਰੋਧੀ ਦਲ ਦੀ ਭੂਮਿਕਾ ਤੇ ਨੋਟ ਲਿਖੋ ? 3
V. ਭਾਰਤੀ ਸੰਵਿਧਾਨ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ? 3

ਪ੍ਰਸ਼ਨ 14

ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।

ਭਾਰਤ ਵਿੱਚ ਚੋਣ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ? 5

ਜਾਂ

ਸੰਸਦ ਵਿੱਚ ਬਿਲ ਕਾਨੂੰਨ ਕਿਵੇਂ ਬਣਦਾ ਹੈ? ਵਿਆਖਿਆ ਕਰੋ। 5

PSEBonline.com